# Prime Minister delivers inaugural address at VAIBHAV 2020 Summit

October 02, 2020

## ਵੈਭਵ 2020 ਸ਼ਿਖਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦਾ ਉਦਘਾਟਨੀ ਭਾਸ਼ਣ

2 **ਅਕਤੂਬਰ**, 2020

**ਸ਼ਿਖਰ ਸੰਮੇਲਨ ਵਿੱਚ ਭਾਰਤੀ ਮੂਲ ਦੇ 3000 ਤੋਂ ਵੱਧ ਸਿੱਖਿਆਵਿਦ ਅਤੇ ਵਿਗਿਆਨੀ ਅਤੇ 10,000 ਤੋਂ ਵੱਧ ਭਾਰਤੀ ਵਿਗਿਆਨੀ ਹਿੱਸਾ ਲੈ ਰਹੇ ਹਨ**
**ਵਿਗਿਆਨ ਵਿੱਚ ਵਧੇਰੇ ਨੌਜਵਾਨਾਂ ਨੂੰ ਦਿਲਚਸਪੀ ਲੈਣੀ ਚਾਹੀਦੀ ਹੈ: ਪ੍ਰਧਾਨ ਮੰਤਰੀ**
**ਭਾਰਤ ਅੰਦਰ ਪੁਲਾੜ ਸੁਧਾਰ ਸ਼ੁਰੂ ਹੋਣ ਨਾਲ ਉਦਯੋਗ ਅਤੇ ਅਕਾਦਮਿਕਤਾ ਲਈ ਮੌਕੇ ਪੈਦਾ ਹੋਣਗੇ: ਪ੍ਰਧਾਨ ਮੰਤਰੀ**
**ਭਾਰਤ ਦਾ 2025 ਤੱਕ ਦੇਸ਼ ਅੰਦਰੋਂ ਟੀ।ਬੀ। ਨੂੰ ਖਤਮ ਕਰਨ ਦਾ ਟੀਚਾ ਹੈ: ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਪਰਵਾਸੀ ਅਤੇ ਵਸਨੀਕ ਭਾਰਤੀ ਖੋਜਕਰਤਾਵਾਂ ਅਤੇ ਅਕਾਦਮਿਕਾਂ ਦੇ ਵਰਚੁਅਲ ਸ਼ਿਖਰ ਸੰਮੇਲਨ - ਕੌਮਾਂਤਰੀ ਭਾਰਤੀ ਵਿਗਿਆਨੀ ਸੰਮੇਲਨ - ਦਾ ਉਦਘਾਟਨ ਕਰਦਿਆਂ ਕਿਹਾ, "ਸਮੇਂ ਦੀ ਲੋੜ ਹੈ ਕਿ ਵਧੇਰੇ ਨੌਜਵਾਨਾਂ ਦਾ ਵਿਗਿਆਨ ਵਿੱਚ ਰੁਚੀ ਲੈਣਾ ਯਕੀਨੀ ਬਣਾਇਆ ਜਾਵੇ। ਇਸ ਕੰਮ ਲਈ ਸਾਨੂੰ ਵਿਗਿਆਨ ਦੇ ਇਤਿਹਾਸ ਅਤੇ ਇਤਿਹਾਸ ਦੇ ਵਿਗਿਆਨ ਤੋਂ ਚੰਗੀ ਤਰ੍ਹਾਂ ਜਾਣੂ ਹੋਣਾ ਪਵੇਗਾ"।

"ਵੈਭਵ ਸ਼ਿਖਰ ਸੰਮੇਲਨ 2020 ਭਾਰਤ ਅਤੇ ਸੰਸਾਰ ਤੋਂ ਉਪਜੇ ਵਿਗਿਆਨ ਅਤੇ ਨਵੀਨਤਾ ਦਾ ਜਸ਼ਨ ਹੈ। ਮੈਂ ਇਸ ਮੌਕੇ ਨੂੰ ਸੱਚਾ ਸੰਗਮ ਕਹਾਂਗਾ, ਇਸ ਇਕੱਠ ਦੇ ਜ਼ਰੀਏ ਅਸੀਂ ਭਾਰਤ ਅਤੇ ਆਪਣੇ ਗ੍ਰਹਿ ਦੇ ਸਸ਼ਕਤੀਕਰਨ ਲਈ ਆਪਣੀ ਸਦੀਵੀ ਸਾਂਝ ਬਣਾਉਣ ਲਈ ਆਏ ਹਾਂ।"

ਸ਼੍ਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਦੀ ਸਮਾਜਿਕ-ਆਰਥਿਕ ਤਬਦੀਲੀ ਦੀਆਂ ਕੋਸ਼ਿਸ਼ਾਂ ਵਿੱਚ ਵਿਗਿਆਨ ਦੀ ਕੇਂਦਰੀ ਭੂਮਿਕਾ ਹੋਣ ਕਰਕੇ ਭਾਰਤ ਸਰਕਾਰ ਨੇ ਵਿਗਿਆਨਕ ਖੋਜ ਅਤੇ ਨਵੀਨਤਾ ਨੂੰ ਉਤਸ਼ਾਹਤ ਕਰਨ ਲਈ ਕਈ ਉਪਾਅ ਕੀਤੇ ਹਨ।

ਪ੍ਰਧਾਨ ਮੰਤਰੀ ਨੇ ਟੀਕਿਆਂ ਦੇ ਵਿਕਾਸ ਅਤੇ ਟੀਕਾਕਰਨ ਪ੍ਰੋਗਰਾਮ ਚਲਾਉਣ ਬਾਰੇ ਭਾਰਤ ਦੇ ਅਥਾਹ ਯਤਨਾਂ ਦਾ ਜ਼ਿਕਰ ਕੀਤਾ।

ਉਨ੍ਹਾਂ ਨੇ ਕਿਹਾ, ਟੀਕਾ ਉਤਪਾਦਨ ਵਿੱਚ ਲੱਗਣ ਵਾਲਾ ਲੰਮਾ ਵਕਫਾ ਹੁਣ ਖਤਮ ਹੋ ਚੁੱਕਾ ਹੈ। 2014 ਅੰਦਰ ਸਾਡੇ ਟੀਕਾਕਰਨ ਪ੍ਰੋਗਰਾਮ ਵਿੱਚ ਚਾਰ ਨਵੇਂ ਟੀਕੇ ਸ਼ਾਮਿਲ ਕੀਤੇ ਗਏ। ਇਨ੍ਹਾਂ ਵਿੱਚ ਦੇਸੀ ਤੌਰ 'ਤੇ ਬਣਾਇਆ ਗਿਆ ਰੋਟਾ ਵਾਇਰਸ ਟੀਕਾ ਸ਼ਾਮਲ ਹੈ।

ਉਨ੍ਹਾਂ ਨੇ 2025 ਤਕ ਭਾਰਤ ਅੰਦਰੋਂ ਤਪਦਿਕ ਨੂੰ ਖ਼ਤਮ ਕਰਨ ਦੇ ਵੱਡੇ ਮਿਸ਼ਨ ਦਾ ਜ਼ਿਕਰ ਕੀਤਾ, ਜੋ ਕੌਮਾਂਤਰੀ ਟੀਚੇ ਤੋਂ ਪੰਜ ਸਾਲ ਅੱਗੇ ਚੱਲ ਰਿਹਾ ਹੈ।

ਸ਼੍ਰੀ ਨਰਿੰਦਰ ਮੋਦੀ ਨੇ ਰਾਸ਼ਟਰੀ ਸਿੱਖਿਆ ਨੀਤੀ 2020 ਦਾ ਹਵਾਲਾ ਦਿੱਤਾ, ਜੋ ਤਿੰਨ ਦਹਾਕਿਆਂ ਅਤੇ ਦੇਸ਼ ਅੰਦਰ ਵਿਸਥਾਰਤ ਸਲਾਹ-ਮਸ਼ਵਰੇ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਲਿਆਂਦੀ ਗਈ ਹੈ। ਇਸ ਨੀਤੀ ਦਾ ਉਦੇਸ਼ ਵਿਗਿਆਨ ਪ੍ਰਤੀ ਉਤਸੁਕਤਾ ਨੂੰ

ਵਧਾਉਣਾ ਹੈ ਅਤੇ ਇਸ ਅੰਦਰ ਵਿਗਿਆਨਕ ਖੋਜ ਨੂੰ ਲੋੜੀਂਦੀ ਹੱਲਾ-ਸ਼ੇਰੀ ਦਿੱਤੀ ਗਈ ਹੈ। ਇਸ ਅੰਦਰ ਨੌਜਵਾਨ ਪ੍ਰਤਿਭਾਵਾਂ ਨੂੰ ਸਿੰਜਣ ਲਈ ਖੁੱਲੇ ਅਤੇ ਵਿਆਪਕ ਵਾਤਾਵਰਣ ਦੇਣ ਦੀ ਗੱਲ ਕੀਤੀ ਗਈ ਹੈ।

ਪ੍ਰਧਾਨ ਮੰਤਰੀ ਨੇ ਭਾਰਤ ਦੇ ਪ੍ਰਮੁੱਖ ਪੁਲਾੜ ਸੁਧਾਰਾਂ ਦਾ ਜ਼ਿਕਰ ਕੀਤਾ, ਜਿੰਨਾਂ ਨਾਲ ਉਦਯੋਗ ਅਤੇ ਅਕਾਦਮਿਕਤਾ ਲਈ ਮੌਕੇ ਪੈਦਾ ਹੋਣਗੇ।

ਲੇਜ਼ਰ ਇੰਟਰਫੇਰੋਮੀਟਰ ਗ੍ਰੈਵੀਟੇਸ਼ਨਲ-ਵੇਵ ਆਬਜ਼ਰਵੇਟਰੀ, **CERN** ਅਤੇ ਇੰਟਰਨੈਸ਼ਨਲ ਥਰਮੋਨੂਕਲੀਅਰ ਪ੍ਰਯੋਗਿਕ ਰਿਐਕਟਰ **(ITER)** ਵਿੱਚ ਭਾਰਤੀ ਭਾਈਵਾਲੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਕੌਮਾਂਤਰੀ ਪੱਧਰ 'ਤੇ ਵਿਗਿਆਨਕ ਖੋਜ ਅਤੇ ਵਿਕਾਸ ਦੀਆਂ ਕੋਸ਼ਿਸ਼ਾਂ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਉਨ੍ਹਾਂ ਨੇ ਸੁਪਰ ਕੰਮਪਿਊਟਿੰਗ ਅਤੇ ਸਾਈਬਰ ਭੌਤਿਕ ਪ੍ਰਣਾਲੀਆਂ ਬਾਰੇ ਭਾਰਤ ਦੇ ਵੱਡੇ ਮਿਸ਼ਨਾਂ ਦਾ ਵੀ ਜ਼ਿਕਰ ਕੀਤਾ। ਆਰਟੀਫ਼ਿਸ਼ਿਅਲ ਇੰਟੈਲਿਜੈਂਸ, ਰੋਬੋਟਿਕਸ, ਸੈਂਸਰ ਅਤੇ ਬਿਗ ਡੇਟਾ ਐਨਾਲਿਟੀਕਸ ਦੇ ਖੇਤਰਾਂ ਵਿਚ ਬੁਨਿਆਦੀ ਖੋਜ ਅਤੇ ਉਪਯੋਗਾਂ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਇਸ ਨਾਲ ਭਾਰਤ ਵਿੱਚ ਸਟਾਰਟ-ਅਪ ਖੇਤਰਾਂ ਅਤੇ ਨਿਰਮਾਣ ਨੂੰ ਹੁਲਾਰਾ ਮਿਲੇਗਾ।

ਉਨ੍ਹਾਂ ਨੇ ਭਾਰਤ ਵਿੱਚ ਪਹਿਲਾਂ ਹੀ ਸ਼ੁਰੂ ਕੀਤੇ ਗਏ **25** ਨਵੀਨਤਾਕਾਰੀ ਟੈਕਨੋਲੋਜੀਕਲ ਹੱਬਾਂ ਅਤੇ ਕਿੰਜ ਇਹ ਸਟਾਰਟ-ਅਪ ਈਕੋਸਿਸਟਮ ਨੂੰ ਉਤਸ਼ਾਹਤ ਕਰਨਗੇ - ਇਸ ਬਾਰੇ ਦੱਸਿਆ।

ਉਨ੍ਹਾਂ ਨੇ ਕਿਹਾ ਕਿ ਭਾਰਤ ਨੂੰ ਆਪਣੇ ਕਿਸਾਨਾਂ ਦੀ ਮਦਦ ਕਰਨ ਲਈ ਉੱਚ ਪੱਧਰੀ ਖੋਜ ਦੀ ਲੋੜ ਹੈ। ਉਨ੍ਹਾਂ ਨੇ ਦਾਲਾਂ ਅਤੇ ਅਨਾਜ ਦੀ ਪੈਦਾਵਾਰ ਵਿੱਚ ਵਾਧਾ ਕਰਨ ਲਈ ਭਾਰਤੀ ਵਿਗਿਆਨੀਆਂ ਦੀ ਸ਼ਲਾਘਾ ਕੀਤੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ ਭਾਰਤ ਤਰੱਕੀ ਕਰਦਾ ਹੈ, ਤਾਂ ਦੁਨੀਆਂ ਤਰੱਕੀ ਕਰਦੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਵੈਭਵ ਆਪਸ ਵਿੱਚ ਜੁੜਨ ਅਤੇ ਯੋਗਦਾਨ ਪਾਉਣ ਦਾ ਵਧੀਆ ਮੌਕਾ ਹੈ; ਜਦੋਂ ਭਾਰਤ ਖੁਸ਼ਹਾਲ ਹੁੰਦਾ ਹੈ, ਤਾਂ ਦੁਨੀਆਂ ਵੀ ਅੱਗੇ ਵਧਦੀ ਹੈ। ਵੈਭਵ ਨੂੰ ਪ੍ਰਤਿਭਾਸ਼ਾਲੀ ਲੋਕਾਂ ਦਾ ਸੰਗਮ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਇੰਨਾਂ ਯਤਨਾਂ ਸਦਕਾ ਆਦਰਸ਼ ਖੋਜ ਵਾਤਾਵਰਣ ਪ੍ਰਣਾਲੀ ਬਣ ਸਕੇਗੀ, ਜੋ ਆਧੁਨਿਕਤਾ ਨੂੰ ਪਰੰਪਰਾ ਨਾਲ ਮਿਲਾਕੇ ਖੁਸ਼ਹਾਲੀ ਲਿਆਉਣ ਵਿੱਚ ਭੂਮਿਕਾ ਨਿਭਾਵੇਗੀ। ਇਹ ਵਟਾਂਦਰੇ ਪੱਕੇ ਤੌਰ 'ਤੇ ਲਾਹੇਵੰਦ ਹੋਣਗੇ ਅਤੇ ਸਿਖਾਉਣ ਅਤੇ ਇਨ੍ਹਾਂ ਸਦਕਾ ਸਿੱਖਿਆ ਅਤੇ ਖੋਜ ਵਿੱਚ ਲਾਹੇਵੰਦ ਭਾਈਵਾਲੀਆਂ ਬਣਨਗੀਆਂ। ਵਿਗਿਆਨੀਆਂ ਅਤੇ ਖੋਜਕਰਤਾਵਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਨਾਲ ਆਦਰਸ਼ ਖੋਜ ਵਾਤਾਵਰਣ ਪ੍ਰਣਾਲੀ ਬਣਾਉਣ ਵਿਚ ਮਦਦ ਮਿਲੇਗੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤੀ ਪਰਵਾਸੀ ਸਮੂਹ ਕੌਮਾਂਤਰੀ ਪੱਧਰ ਤੇ ਭਾਰਤ ਦੇ ਵਧੀਆ ਰਾਜਦੂਤ ਹਨ। ਇਸ ਸ਼ਿਖਰ ਸੰਮੇਲਨ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਅਤੇ ਖੁਸ਼ਹਾਲ ਭਵਿੱਖ ਸਿਰਜਣ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਆਸ ਕਰਨੀ ਚਾਹੀਦੀ ਹੈ। ਭਾਰਤ ਨੂੰ ਆਪਣੇ ਕਿਸਾਨਾਂ ਦੀ ਮਦਦ ਕਰਨ ਲਈ ਉੱਚ-ਪੱਧਰੀ ਵਿਗਿਆਨਕ ਖੋਜ ਦੀ ਲੋੜ ਹੈ। ਇਸ ਸ਼ਿਖਰ ਸੰਮੇਲਨ ਸਦਕਾ ਸਿੱਖਿਆ ਅਤੇ ਖੋਜ ਵਿੱਚ ਲਾਹੇਵੰਦ ਸਹਿਯੋਗ ਹੋਵੇਗਾ। ਭਾਰਤੀ ਪਰਵਾਸੀ ਸਮੂਹ ਦੇ ਯਤਨ ਆਦਰਸ਼ ਖੋਜ ਵਾਤਾਵਰਣ ਪ੍ਰਣਾਲੀ ਬਣਾਉਣ ਵਿੱਚ ਮਦਦ ਦੇਣਗੇ।

ਵੈਭਵ ਸ਼ਿਖਰ ਸੰਮੇਲਨ ਅੰਦਰ 55 ਦੇਸ਼ਾਂ ਤੋਂ 3000 ਤੋਂ ਵੱਧ ਭਾਰਤੀ ਮੂਲ ਦੇ ਵਿਦੇਸ਼ੀ ਸਿੱਖਿਆਵਿਦ ਅਤੇ ਵਿਗਿਆਨੀ ਅਤੇ 10000 ਤੋਂ ਵੱਧ ਭਾਗੀਦਾਰ ਭਾਰਤ ਵਿਚੋਂ ਹਿੱਸਾ ਲੈ ਰਹੇ ਹਨ ਅਤੇ ਇਹ ਭਾਰਤੀ ਸਰਕਾਰ ਦੇ ਮੁੱਖ ਵਿਗਿਆਨਕ ਸਲਾਹਕਾਰ ਦੀ ਅਗਵਾਈ ਵਿੱਚ 200 ਭਾਰਤੀ ਅਕਾਦਮਿਕ ਸੰਸਥਾਵਾਂ ਅਤੇ ਵਿਗਿਆਨ ਅਤੇ ਟੈਕਨੋਲੋਜੀ ਵਿਭਾਗਾਂ ਵੱਲੋਂ ਕਰਾਇਆ ਜਾ ਰਿਹਾ ਹੈ। 40 ਦੇਸ਼ਾਂ ਤੋਂ ਲਗਭਗ 700 ਵਿਦੇਸ਼ੀ ਪੈਨਲਿਸਟ ਅਤੇ ਉੱਘੇ ਭਾਰਤੀ ਅਕਾਦਮੀਆਂ ਅਤੇ ਵਿਗਿਆਨ ਅਤੇ ਟੈਕਨੋਲੋਜੀ ਵਿਭਾਗਾਂ ਦੇ 629 ਰਹਿਵਾਸੀ ਪੈਨਲਿਸਟ 213 ਸੈਸ਼ਨਾਂ ਦੌਰਾਨ 18 ਵੱਖ-ਵੱਖ ਵਿਸ਼ਿਆਂ, ਜਿਨ੍ਹਾਂ ਦੇ 80 ਉਪ-ਵਿਸ਼ੇ ਹੋਣਗੇ, 'ਤੇ ਸੋਚ-ਵਿਚਾਰ ਕਰਨਗੇ।

ਇਹ ਵਿਚਾਰ ਵਟਾਂਦਰੇ 3 ਅਕਤੂਬਰ ਤੋਂ 25 ਅਕਤੂਬਰ, 2020 ਤੱਕ ਹੋਣਗੇ ਅਤੇ 28 ਅਕਤੂਬਰ ਨੂੰ ਇਨ੍ਹਾਂ ਦੇ ਸਿੱਟੇ ਇਕੱਤਰ ਕੀਤੇ ਜਾਣਗੇ। ਸ਼ਿਖਰ ਸੰਮੇਲਨ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਹਾੜੇ ਭਾਵ 31 ਅਕਤੂਬਰ, 2020 ਨੂੰ ਖਤਮ ਹੋਵੇਗਾ। ਇਸ ਪਹਿਲ ਵਿੱਚ ਵਿਦੇਸ਼ੀ ਮਾਹਰਾਂ ਅਤੇ ਉਨ੍ਹਾਂ ਦੇ ਭਾਰਤੀ ਹਮਰੁਤਬਾਵਾਂ ਵਿਚਾਲੇ ਮਹੀਨਾ ਭਰ ਹੋਣ ਵਾਲੇ ਵੈਬਿਨਾਰ ਅਤੇ ਵੀਡੀਓ ਕਾਨਫਰੰਸ ਦੌਰਾਨ ਬਹੁ-ਪੱਧਰੀ ਗੱਲਬਾਤ ਸ਼ਾਮਲ ਹੋਵੇਗੀ।

ਸ਼ਿਖਰ ਸੰਮੇਲਨ ਦੌਰਾਨ ਜਿਨ੍ਹਾਂ ਵਿਆਪਕ ਵਿਗਿਆਨ ਅਤੇ ਟੈਕਨੋਲੋਜੀ ਖੇਤਰਾਂ ਬਾਰੇ ਗੱਲਬਾਤ ਹੋਵੇਗੀ, ਉਹ ਹਨ - ਕੰਪਿਊਟੇਸ਼ਨਲ ਸਾਇੰਸ, ਇਲੈਕਟ੍ਰਾਨਿਕਸ ਅਤੇ ਕਮਿਊਨਿਕੇਸ਼ਨ, ਕੁਆਂਟਮ ਤਕਨੀਕ, ਫੋਟੋਨਿਕਸ, ਏਅਰਸਪੇਸ ਟੈਕਨਾਲੋਜੀ, ਮੈਡੀਕਲ ਸਾਇੰਸ, ਬਾਇਓਟੈਕਨੋਲੋਜੀ, ਖੇਤੀਬਾੜੀ, ਮੈਟੀਰਿਅਲ ਅਤੇ ਪ੍ਰੋਸੈਸਿੰਗ ਟੈਕਨਾਲੋਜੀ, ਐਡਵਾਂਸਡ ਮੈਨੂਫੈਕਚਰਿੰਗ, ਧਰਤੀ ਵਿਗਿਆਨ, ਊਰਜਾ, ਵਾਤਾਵਰਣ ਵਿਗਿਆਨ ਅਤੇ ਪ੍ਰਬੰਧਨ।

ਇਸ ਸ਼ਿਖਰ ਸੰਮੇਲਨ ਦਾ ਉਦੇਸ਼ ਸਰਵ ਵਿਆਪਕ ਵਿਕਾਸ ਹਾਸਿਲ ਕਰਨ ਵਿੱਚ ਪੇਸ਼ ਆ ਰਹੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਕੌਮਾਂਤਰੀ ਭਾਰਤੀ ਖੋਜਕਰਤਾਵਾਂ ਦੀ ਮੁਹਾਰਤ ਅਤੇ ਗਿਆਨ ਦਾ ਫਾਇਦਾ ਚੁੱਕ ਕੇ ਵਿਆਪਕ ਰੋਡ-ਮੈਪ ਤਿਆਰ ਕਰਨਾ ਹੈ। ਸ਼ਿਖਰ ਸੰਮੇਲਨ ਵਿੱਚ ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖਿਆਵਿਦਾਂ ਅਤੇ ਵਿਗਿਆਨੀਆਂ ਅਤੇ ਵਿਗਿਆਨੀਆਂ ਨਾਲ ਭਾਈਵਾਲੀ ਅਤੇ ਸਹਿਕਾਰਤਾ ਯੰਤਰਾਂ ਬਾਰੇ ਸੋਚ ਵਿਚਾਰ ਹੋਵੇਗਾ। ਇਸਦਾ ਟੀਚਾ ਹੈ - ਕੌਮਾਂਤਰੀ ਪਹੁੰਚ ਦੁਆਰਾ ਦੇਸ਼ ਅੰਦਰ ਗਿਆਨ ਅਤੇ ਨਵਾਚਰ ਦੀ ਵਾਤਾਵਰਣ ਪ੍ਰਣਾਲੀ ਤਿਆਰ ਕਰਨਾ।

ਮੁੱਖ ਵਿਗਿਆਨਕ ਸਲਾਹਕਾਰ ਪ੍ਰੋਫੈਸਰ ਕੇ. ਵਿਜੈਰਾਘਵਨ ਅਤੇ ਸੰਯੁਕਤ ਰਾਜ ਅਮਰੀਕਾ, ਜਾਪਾਨ, ਆਸਟਰੇਲੀਆ, ਇੰਗਲੈਂਡ, ਫਰਾਂਸ, ਸਿੰਗਾਪੁਰ, ਕੋਰੀਆ, ਬ੍ਰਾਜ਼ੀਲ ਅਤੇ ਸਵਿਟਜ਼ਰਲੈਂਡ ਗਣਰਾਜ ਤੋਂ ਆਏ 16 ਵਿਦੇਸ਼ੀ ਪੈਨਲਿਸਟਾਂ ਨੇ, ਜੋ ਕੰਮਪਿਊਟਿੰਗ ਅਤੇ ਸੰਚਾਰ, ਸੋਨੋ-ਕੈਮਿਸਟਰੀ, ਉੱਚ ਊਰਜਾ ਭੌਤਿਕੀ, ਨਿਰਮਾਣ ਟੈਕਨਾਲੋਜੀ, ਪ੍ਰਬੰਧਨ, ਭੂ-ਵਿਗਿਆਨ, ਜਲਵਾਯੂ ਬਦਲਾਅ,ਮਾਈਕ੍ਰੋਬਾਇਓਲੋਜੀ, ਆਈ ਟੀ ਸੁਰੱਖਿਆ, ਨੈਨੋ ਮੈਟੀਰਿਅਲ, ਸਮਾਰਟ ਵਿਲੇਜ ਅਤੇ ਗਣਿਤ ਵਿਗਿਆਨ ਨਾਲ ਸਬੰਧਤ ਸਨ, ਉਦਘਾਟਨੀ ਸਤਰ ਦੌਰਾਨ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ।

ਨਵੀਂ ਦਿੱਲੀ
2 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.